# Launch of e-Sanad portal in Chandigarh University

e-Sanad portal – a digital platform for online verification, attestation and apostille of documents by Ministry of External Affairs, Govt. of India was launched in Chandigarh University on 30th September 2024 at an impressive function held in the University auditorium. e-Sanad is a public centric portal which would simplify the process of verification of documents by Document Issuing Authorities (DIAs), first level of attestation by concerned state government departments and final attestation / apostille by CPV Division, Ministry of External Affairs, New Delhi. The existing manual system of attestation / apostille is a convoluted and time-consuming process due to personal visits of the applicants to DIAs, concerned state government departments and CPV Division, MEA. eSanad would provide a faceless, cashless and paperless services to the applicants for attestation / apostille of all types of documents like personal as well as educational documents / transcripts.

It is important to mention that Govt. of Punjab has already implemented the application for Personal documents in all the districts of Punjab w.e.f September 2024 and applicants can now apply through eSanad portal only. In one month of its successful operations around 5700 applications have been received out of which around 3200 verified by DIAs & Department of NRI Affairs and over 2300 attestation / apostilles done by CPV Division, MEA. In the Educational Category of documents, Chandigarh University became the first educational institute, not only in Punjab but in North India, to onboard on eSanad to provide this facility for the welfare of their students.

For the launch of eSanad in Chandigarh University, Sh Dilip Kumar, IAS Principal, Department of NRI Affairs, Govt of Punjab was the chief guest and Sh Sanyam Aggarwal, IAS Director, Department of Higher Education, Govt. of Punjab was the guest of honour.

Th event was also graced by Sh. IPS Sethi, Deputy Director General & HoG, MEA Informatics Division, NIC HQ and Sh. Vivek Verma, Deputy Director General & SIO, Punjab. Sh IPS Sethi gave an overview of the online services launched by NIC to empower the citizens and support Digital India vision as envisaged by Hon'ble Prime Minister of India. Sh Raj Kumar Tickoo, Sr. Director (IT) gave a detailed presentation of e-Sanad portal to the dignitaries on the dais and international as well as domestic students of Chandigarh University present in the auditorium. Ms Kirti Mahajan, Director (IT), NIC Punjab also provided the technical support during this event. Besides the officers of State government and NIC, Sh. Satnam Singh Sandhu, Member of Parliament (Rajya Sabha), Prof (Dr.) Manpreet Singh Manna, Vice Chancellor, Prof (Dr.) R.S. Bawa, Advisor to Chancellor Chandigarh University and Prof (Dr.) Sandeep Salhotra, Controller of Examinations were also in attendance during the launch of e-Sanad portal.

## <u>Snapshots of the event</u>




Launch of e-Sanad Portal by Chief Guest and esteemed dignitaries on dias




Address by Sh IPS Sethi, DDG & HoG MEA Informatics Division to the august gathering




Presentation of e-Sanad portal by Sh Raj Kumar Tickoo, Sr. Director (IT)



Faculty and students of Chandigarh University



Group Photo of the event

## New Paper Clippings

ਕਰਨਾ ਪੈ ਸਕਦਾ ਹੈ।

ਪਹਿਲ | ਈ-ਸਨਦ ਪੋਰਟਲ ਸ਼ੁਰੂ ਕਰਨ ਵਾਲੀ ਉੱਤਰ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣੀ ਸੀ. ਯੂ.

# ਆਨਲਾਈਨ ਤਸਦੀਕ ਹੋਣਗੇ ਵਿਦਿਆਰਥੀਆਂ ਦੇ ਦਸਤਾਵੇਜ਼

ਮੋਹਾਲੀ, 30 ਸਤੰਬਰ (ਨਿਆਮੀਆਂ) : ਚੰਡੀਗੜ੍ਹ ਯੂਨੀਵਰਸਿਟੀ ਵਿਦੇਸ਼ ਮੰਤਰਾਲੇ ਦੇ ਈ-ਸਨਦ ਪੋਰਟਲ ਦੀ ਸ਼ੁਰੂਆਤ ਕਰਨ ਵਾਲੀ ਉੱਤਰ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ। ਵਿਦੇਸ਼ਾਂ 'ਚ ਪੜ੍ਹਾਈ ਕਰਨ ਦਾ ਇਰਾਦਾ ਰੱਖਣ ਵਾਲੇ ਭਾਰਤੀ ਤੇ ਵਿਦੇਸ਼ੀ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਆਨਲਾਈਨ ਤਸਦੀਕ ਲਈ ਕੇਂਦਰ ਦੀ ਨਿਵੇਕਲੀ ਪਹਿਲਕਦਮੀ ਹੈ।

ਸ਼ੁਰੂਆਤ ਮੌਕੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ ਝਾ ਤੇ ਉਚੇਰੀ ਸਿੱਖਿਆ ਦੇ ਡਾਇਰੈਕਟਰ ਸੰਯਮ ਅਗਰਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਹੋਰ ਮਹਿਮਾਨਾਂ 'ਚ ਇੰਦਰਪਾਲ ਸਿੰਘ ਸੇਠੀ ਡਿਪਟੀ ਡਾਇਰੈਕਟਰ ਜਨਰਲ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐੱਨ. ਆਈ. ਸੀ.), ਵਿਵੇਕ ਵਰਮਾ ਰਾਜ ਸੂਚਨਾ ਅਧਿਕਾਰੀ ਅਤੇ ਡਿਪਟੀ ਡਾਇਰੈਕਟਰ ਜਨਰਲ (ਐੱਨ. ਆਈ. ਸੀ.) ਅਤੇ ਯੂਨੀਵਰਸਿਟੀ ਦੇ ਚਾਂਸਲਰ ਦੇ ਸਲਾਹਕਾਰ ਪ੍ਰੋ. ਆਰ. ਐੱਸ. ਬਾਵਾ ਸ਼ਾਮਲ ਰਹੇ। ਪੋਰਟਲ ਦੀ ਸ਼ੁਰੂਆਤ ਨਾਲ ਵਿਦਿਆਰਥੀਆਂ ਨੂੰ ਸੰਪਰਕ ਰਹਿਤ, ਚਿਹਰਾ-ਰਹਿਤ, ਨਕਦੀ ਰਹਿਤ ਤੇ ਕਾਗਜ਼ ਰਹਿਤ ਦਸਤਾਵੇਜ਼ ਤਸਦੀਕ ਸੇਵਾ ਲਈ ਕੇਂਦਰੀ ਪਲੇਟਫਾਰਮ ਮਿਲੇਗਾ। ਕੌਮਾਂਤਰੀ ਯੂਨੀਵਰਸਿਟੀਆਂ, ਵਰਕ ਪਰਮਿਟਾਂ ਜਾਂ ਇਮੀਗ੍ਰੇਸ਼ਨ ਲਈ ਅਪਲਾਈ ਕਰਨ ਸਮੇਂ ਉਨ੍ਹਾਂ ਨੂੰ ਹੁਣ ਆਪਣੇ ਵਿਦਿਅਕ ਦਸਤਾਵੇਜ਼ਾਂ ਦੀ ਤਸਦੀਕ ਲਈ ਕਾਗਜ਼ੀ ਕਾਰਵਾਈ ਜਾਂ ਲੰਬੇ ਸਮੇਂ ਤੱਕ ਉਡੀਕ ਨਹੀਂ ਕਰਨੀ ਪਵੇਗੀ।



ਯੂਨੀਵਰਸਿਟੀ ਕੈਂਪਸ 'ਚ ਈ-ਸਨਦ ਪੋਰਟਲ ਦੀ ਸ਼ੁਰੂਆਤ ਕਰਦੇ ਮੁੱਖ ਮਹਿਮਾਨ। (ਉੱਜਲ)

ਸੰਸਦ ਮੈਂਬਰ ਤੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਪੋਰਟਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ, ਜਿਨ੍ਹਾਂ ਨੂੰ ਵਿਦੇਸ਼ੀ ਸੰਸਥਾਵਾਂ ਦੁਆਰਾ ਆਪਣੇ ਅਕਾਦਮਿਕ ਸਰਟੀਫਿਕੇਟਾਂ ਦੀ ਪ੍ਰਮਾਣਿਕਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਸ਼ਵ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੰਮ ਕਰ ਰਹੀ ਹੈ।



यूनिवर्सिटी कैंपस में ई–सनद पोर्टल का शुभारंभ करते मुख्य अतिथि • सीयू

# चंडीगढ़ यूनिवर्सिटी ने लांच किया ई–सनद पोर्टल

संवाद सहयोगी, जागरण, मोहाली : चंडीगढ़ यूनिवर्सिटी विदेश में अध्ययन करने के इच्छुक छात्रों के दस्तावेजों के आनलाइन सत्यापन के लिए केंद्रीय विदेश मंत्रालय की पहल ई–सनद पोर्टल शुरू करने वाली उत्तर भारत की पहली यूनिवर्सिटी बन गई है। सीयू में ई–सनद पोर्टल (https://www.cuchd.in/online-request/esanad.php) के शुभारंभ पर मुख्य अतिथि के रूप में एनआरआइ मामले विभाग पंजाब के प्रमुख सचिव दिलीप कुमार झा और विशिष्ट अतिथि के रूप में पंजाब उच्च शिक्षा निदेशक संयम अग्रवाल उपस्थित रहे। कार्यक्रम में राष्ट्रीय सूचना विज्ञान केंद्र (एनआइसी) के उप महानिदेशक इंद्रपाल सिंह सेठी, राज्य सूचना अधिकारी और उप महानिदेशक (एनआइसी) विवेक वर्मा और सीयू के चांसलर के सलाहकार प्रोफेसर डा. आरएस बावा भी शामिल रहे। चंडीगढ़ यूनिवर्सिटी के छात्रों को अब अंतरराष्ट्रीय यूनिवर्सिटीयों, वर्क परमिट या इमिग्रेशन के लिए आवेदन करते समय शैक्षिक दस्तावेजों के सत्यापन के लिए कार्रवाई में परेशानी का सामना नहीं करना पड़ेगा।

ਪ੍ਰਹਿਯੋਗ ਦੇਣ ਦੀ ਅਪੀਲ ਵੀ ਕੀਤੀ।

# ਚੰਡੀਗੜ੍ਹ ਯੂਨੀਵਰਸਿਟੀ ਵਿਖੇ ਵਿਦੇਸ਼ ਮੰਤਰਾਲੇ ਦੇ 'ਈ-ਸਨਦ ਪੋਰਟਲ' ਦੀ ਸ਼ੁਰੂਆਤ




ਚੰਡੀਗੜ੍ਹ ਯੂਨੀਵਰਸਿਟੀ ਵਿਖੇ ਈ-ਸਨਦ ਪੋਰਟਲ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮਹਿਮਾਨ ਦਿਲੀਪ ਕੁਮਾਰ ਝਾਅ, ਪ੍ਰਮੁੱਖ ਸਕੱਤਰ ਐਨ. ਆਰ. ਆਈ. ਕੇਸ ਵਿਭਾਗ ਪੰਜਾਬ, ਮਹਿਮਾਨ ਸੰਯਮ ਅਗਰਵਾਲ ਡਾਇਰੈਕਟਰ ਉੱਚ ਸਿੱਖਿਆ ਪੰਜਾਬ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਅਧਿਕਾਰੀ। ਤਸਵੀਰ : ਵਰਿੰਦਰਜੀਤ ਸਿੰਘ

ਐੱਸ. ਏ. ਐੱਸ. ਨਗਰ, 30 ਸਤੰਬਰ (ਪ੍ਰੋ. ਵਤਾਰ ਸਿੰਘ)-ਚੰਡੀਗੜ੍ਹ ਯੂਨੀਵਰਸਿਟੀ ਦੇਸ਼ ਮੰਤਰਾਲੇ ਦੇ 'ਈ-ਸਨਦ ਪੋਰਟਲ' ਦੀ ਸ਼ੁਰੂਆਤ ਕਰਨ ਵਾਲੀ ਉੱਤਰ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ। ਵਿਦੇਸ਼ਾਂ ਚ ਪੜ੍ਹਾਈ ਕਰਨ ਦਾ ਇਰਾਦਾ ਰੱਖਣ ਵਾਲੇ ਭਾਰਤੀ ਅਤੇ ਵਿਦੇਸ਼ੀ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਆਨਲਾਈਨ ਤਸਦੀਕ ਲਈ ਇਹ ਕੇਂਦਰੀ ਵਿਦੇਸ਼ ਮੰਤਰਾਲੇ ਦੀ ਨਿਵੇਕਲੀ ਪਹਿਲਕਦਮੀ ਹੈ। ਚੰਡੀਗੜ੍ਹ ਯੂਨੀਵਰਸਿਟੀ ਵਿਖੇ ਈ-ਸਨਦ ਪੋਰਟਲ ਦੀ ਸ਼ੁਰੂਆਤ ਮੌਕੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ ਝਾਅ ਅਤੇ ਉਚੇਰੀ ਸਿੱਖਿਆ ਪੰਜਾਬ ਦੇ ਡਾਇਰੈਕਟਰ ਸੰਯਮ ਅਗਰਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਹੋਰਨਾਂ ਮਹਿਮਾਨਾਂ ਵਿਚ ਇੰਦਰਪਾਲ ਸਿੰਘ ਸੇਠੀ ਡਿਪਟੀ ਡਾਇਰੈਕਟਰ ਜਨਰਲ ਨੈਸ਼ਨਲ ਇਨਫੋਰਮੈਟਿਕਸ ਸੈਂਟਰ, ਵਿਵੇਕ ਵਰਮਾ ਰਾਜ ਸੂਚਨਾ ਅਧਿਕਾਰੀ ਅਤੇ ਡਿਪਟੀ ਡਾਇਰੈਕਟਰ ਜਨਰਲ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਦੇ ਸਲਾਹਕਾਰ ਪ੍ਰੋ. ਆਰ. ਐਸ. ਬਾਵਾ ਸ਼ਾਮਿਲ ਸਨ। ਈ-ਸਨਦ ਪੋਰਟਲ ਦੀ ਸ਼ੁਰੂਆਤ ਨਾਲ ਚੰਡੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਪਰਕ ਰਹਿਤ, ਚਿਹਰਾ-ਰਹਿਤ, ਨਕਦੀ ਰਹਿਤ ਅਤੇ ਕਾਗਜ਼ ਰਹਿਤ ਦਸਤਾਵੇਜ਼ ਤਸਦੀਕ ਸੇਵਾ ਲਈ ਇਕ ਕੇਂਦਰੀ ਪਲੇਟਫਾਰਮ ਮਿਲੇਗਾ। ਅੰਤਰਰਾਸ਼ਟਰੀ ਯੂਨੀਵਰਸਿਟੀਆਂ, ਵਰਕ ਪਰਮਿਟਾਂ ਜਾਂ ਇਮੀਗ੍ਰੇਸ਼ਨ ਲਈ ਅਪਲਾਈ ਕਰਨ ਸਮੇਂ ਉਨ੍ਹਾਂ ਨੂੰ ਹੁਣ ਆਪਣੇ ਵਿਦਿਅਕ ਦਸਤਾਵੇਜ਼ਾਂ ਦੀ ਤਸਦੀਕ ਲਈ ਕਾਗਜ਼ੀ ਕਾਰਵਾਈ ਜਾਂ ਲੰਬੇ ਸਮੇਂ ਦੀ ਉਡੀਕ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਚੰਡੀਗੜ੍ਹ ਯੂਨੀਵਰਸਿਟੀ ਦੇ ਹਾਲੀਆ ਵਿਦਿਆਰਥੀ ਅਤੇ ਸਾਬਕਾ ਵਿਦਿਆਰਥੀ ਦੁਨੀਆ ਭਰ ਵਿਚ ਕਿਧਰੇ ਵੀ ਆਪਣੇ ਵਿਦਿਅਕ ਦਸਤਾਵੇਜ਼ਾਂ ਦੀ ਤਸਦੀਕ ਕਰਕੇ ਇਸ ਸੇਵਾ ਦਾ ਭਰੋਸੇਯੋਗ ਲਾਭ ਲੈ ਸਕਦੇ ਹਨ। ਇਸ ਮੌਕੇ ਮੈਂਬਰ ਪਾਰਲੀਮੈਂਟ (ਰਾਜ ਸਭਾ) ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਈ-ਸਨਦ ਪੋਰਟਲ ਦੀ ਸ਼ੁਰੂਆਤ ਨਾਲ ਵਿਦਿਆਰਥੀਆਂ ਨੂੰ ਆਪਣੇ ਦਸਤਾਵੇਜ਼ਾਂ ਦੀ ਤਸਦੀਕ ਲਈ ਇਕ ਕੇਂਦਰੀਕ੍ਰਿਤ ਆਨਲਾਈਨ ਪਲੇਟਫਾਰਮ ਮਿਲੇਗਾ, ਜੋ ਕਿ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਉਨ੍ਹਾਂ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ, ਜਿਨ੍ਹਾਂ ਨੂੰ ਵਿਦੇਸ਼ੀ ਸੰਸਥਾਵਾਂ ਦੁਆਰਾ ਆਪਣੇ ਅਕਾਦਮਿਕ ਸਰਟੀਫ਼ਿਕੇਟਾਂ ਦੀ ਪ੍ਰਮਾਣਿਕਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਵਿਸ਼ਵ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੰਮ ਕਰ ਰਹੀ ਹੈ। ਇਸ ਵੇਲੇ ਚੰਡੀਗੜ੍ਹ ਯੂਨੀਵਰਸਿਟੀ ਵਿਚ 60 ਦੇਸ਼ਾਂ ਦੇ 3000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਇਸ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ 1900 ਤੋਂ ਵੱਧ ਵਿਦਿਆਰਥੀਆਂ ਨੇ ਇੰਟਰਨਸ਼ਿਪ, ਸਕਾਲਰਸ਼ਿਪ, ਸਮੈਸਟਰ ਐਕਸਚੇਂਜ ਅਤੇ ਵਿਦਿਆਰਥੀ ਐਕਸਚੇਂਜ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਦੁਨੀਆ ਭਰ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿਚ ਅੰਤਰਰਾਸ਼ਟਰੀ ਅਕਾਦਮਿਕ ਪ੍ਰੋਗਰਾਮਾਂ ਵਿਚ ਭਾਗ ਲਿਆ ਹੈ। ਚੰਡੀਗੜ੍ਹ ਯੂਨੀਵਰਸਿਟੀ ਵਿਖੇ ਈ-ਸਨਦ ਪੋਰਟਲ ਸਾਡੇ ਵਿਦਿਆਰਥੀਆਂ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਆਪਣੇ ਦਸਤਾਵੇਜ਼ਾਂ ਦੀ ਤਸਦੀਕ ਕਰਵਾਉਣ ਲਈ ਇਕ ਪਾਰਦਰਸ਼ੀ, ਪਹੁੰਚਯੋਗ ਅਤੇ ਕਿਫ਼ਾਇਤੀ ਵਿਧੀ ਪ੍ਰਦਾਨ ਕਰੇਗਾ। ਇਸ ਮੌਕੇ ਵਿਦਿਆਰਥੀਆਂ ਦਾ ਸੰਬੋਧਨ ਕਰਦਿਆਂ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਪੰਜਾਬ ਦੇ ਪ੍ਰਿੰਸੀਪਲ ਸਕੱਤਰ ਦਿਲੀਪ ਕੁਮਾਰ ਝਾਅ ਨੇ ਕਿਹਾ ਕਿ ਰਾਜ ਸਰਕਾਰ ਵਲੋਂ ਲਗਪਗ 30 ਯੂਨੀਵਰਸਟੀਆਂ ਨੂੰ ਈ-ਸਨਦ ਪੋਰਟਲ ਦੀ ਸ਼ੁਰੂਆਤ ਬਾਰੇ ਲਿਖਿਆ ਗਿਆ ਹੈ, ਪਰ ਕਿਸੇ ਵਲੋਂ ਵੀ ਵਧੀਆ ਜਵਾਬ ਨਹੀਂ ਦਿੱਤਾ ਗਿਆ ਤੇ ਕੁਝ ਯੂਨੀਵਰਸਿਟੀਆਂ ਵਲੋਂ ਇਹ ਆਖ ਦਿੱਤਾ ਗਿਆ ਕਿ ਇਹ ਉਨ੍ਹਾਂ ਦੀ ਖ਼ੁਦਮੁਖਤਿਆਰੀ ਵਿਚ ਦਖ਼ਲ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਪਹਿਲੀ ਯੂਨੀਵਰਸਿਟੀ ਹੈ, ਜਿਸ ਨੇ ਈ-ਸਨਦ ਪੋਰਟਲ ਦੇ ਸੱਦੇ ਨੂੰ ਨਾ ਸਿਰਫ ਸਵੀਕਾਰ ਕੀਤਾ, ਬਲਕਿ ਬੇਹੱਦ ਖ਼ੁਸ਼ੀ ਨਾਲ ਪੋਰਟਲ ਦੀ ਸ਼ੁਰੂਆਤ ਕਰਨ ਲਈ ਤਿਆਰ ਸੀ। ਇਸ ਮੌਕੇ ਉਚੇਰੀ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਸੰਯਮ ਅਗਰਵਾਲ ਨੇ ਕਿਹਾ ਕਿ ਉਹ ਚੰਡੀਗੜ੍ਹ ਯੂਨੀਵਰਸਿਟੀ ਨੂੰ ਵਿਦਿਆਰਥੀਆਂ ਦੇ ਭਲਾਈ ਲਈ ਚੁੱਕੇ ਗਏ ਇਸ ਨਿਵੇਕਲੇ ਕਦਮ ਲਈ ਵਧਾਈ ਦੇਣਾ ਚਾਹੁੰਦੇ ਹਨ, ਜਦਕਿ ਇੰਦਰਪਾਲ ਸਿੰਘ ਸੇਠੀ ਡਿਪਟੀ ਡਾਇਰੈਕਟਰ ਜਨਰਲ ਨੈਸ਼ਨਲ ਇਨਫੋਰਮੈਟਿਕਸ ਸੈਂਟਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨਾਗਰਿਕਾਂ ਨੂੰ ਮਜ਼ਬੂਤ ਕਰਨ ਲਈ 9 ਸਾਲ ਪਹਿਲਾਂ ਡਿਜ਼ੀਟਲ ਇੰਡੀਆ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ ਤਾਂ ਜੋ ਦੇਸ਼ ਦੇ ਨਾਗਰਿਕ ਸਰਕਾਰੀ ਸੇਵਾਵਾਂ ਅਤੇ ਈ-ਸੇਵਾਵਾਂ ਦਾ ਆਨਲਾਈਨ ਮੋਡ ਵਿਚ ਲਾਭ ਉਠਾ ਸਕਣ।

---

प्रभु श्रीराम की मर्यादा का पालन

# चंडीगढ़ यूनिवर्सिटी ई-सनद पोर्टल को लॉन्च करने वाली उत्तर भारत की बनी पहली यूनिवर्सिटी




मुख्य अतिथि दिलीप कुमार झा, प्रमुख सचिव, एन.आर.आई. मामले विभाग, अतिथि संयम अग्रवाल, निदेशक उच्च शिक्षा, चंडीगढ़ यूनिवर्सिटी के अधिकारियों के साथ सोमवार को यूनिवर्सिटी कैंपस में ई-सनद पोर्टल का शुभारंभ करते हुए।

मोहाली, 30 सितंबर (नियामियां): चंडीगढ़ यूनिवर्सिटी विदेश में अध्ययन करने के इच्छुक भारतीय और विदेशी छात्रों के दस्तावेजों के ऑनलाइन सत्यापन के लिए केंद्रीय विदेश मंत्रालय की पहल ई-सनद पोर्टल शुरू करने वाली उत्तर भारत की पहली यूनिवर्सिटी बन गई है। चंडीगढ़ यूनिवर्सिटी में ई-सनद पोर्टल के शुभारंभ पर मुख्य अतिथि के रूप में एन.आर.आई. मामले विभाग, पंजाब के प्रमुख सचिव दिलीप कुमार झा और विशिष्ट अतिथि के रूप में पंजाब उच्च शिक्षा निदेशक संयम अग्रवाल उपस्थित थे।

इस अवसर पर उपस्थित अन्य गणमान्य व्यक्तियों में राष्ट्रीय सूचना विज्ञान केंद्र (एनआईसी) के उप महानिदेशक इंद्रपाल सिंह सेठी, राज्य सूचना अधिकारी और उप महानिदेशक (एन.आई.सी.) विवेक वर्मा और चंडीगढ़ यूनिवर्सिटी के चांसलर के सलाहकार प्रोफैसर (डॉ) आर.एस. बावा शामिल थे।

ई-सनद पोर्टल के शुभारंभ के साथ, चंडीगढ़ यूनिवर्सिटी के छात्रों को अब अंतर्राष्ट्रीय यूनिवर्सिटीयों, वर्क परमिट या इमिग्रेशन के लिए आवेदन करते समय अपने शैक्षिक दस्तावेजों के सत्यापन के लिए कागजी कार्रवाई या लंबी प्रतीक्षा अवधि की परेशानी का सामना नहीं करना पड़ेगा। सांसद (राज्यसभा) और चंडीगढ़ यूनिवर्सिटी के चांसलर सतनाम सिंह संधू ने कहा कि चंडीगढ़ यूनिवर्सिटी में ई-सनद पोर्टल के शुभारंभ से हमारे छात्रों के दस्तावेजों के सत्यापन और एपोस्टिल के लिए एक केंद्रीकृत ऑनलाइन मंच उपलब्ध होगा।